Ram—How many times in a week are your library books issued (to a reader) ?

ਗੁਰਦੇਵ—ਹਫ਼ਤੇ ਵਿਚ ਦੋ ਹੀ ਵਾਰੀ ਦਿਤੀਆਂ ਜਾਂਦੀਆਂ ਹਨ।

Gur.—Books are issued (to a reader) only twice in a week.

ਰਾਮ--ਤੁਹਾਡੇ ਸਕੂਲ ਛੁਟੀ ਕਿਨੇ ਵਜੇ ਹੁੰਦੀ ਹੈ ?

Ram--When does your school break-up ?

ਗੁਰਦੇਵ--ਸਾਡੇ ਸਕੂਲ ਛੁਟੀ ਤਿੰਨ ਵਜੇ ਹੁੰਦੀ ਹੈ ।

Gur.—Our School breaks up at 3 p. m.

ਰਾਮ—ਚੰਗਾ ਭਈ, ਹੁਣ ਮੈਂ ਚਲਦਾ ਹਾਂ ।

Ram—Well, my friend, now let me go.

(III)

ਪਿਤਾ—ਸੁਖਵੰਤ, ਇਕ ਟੈਕਸੀ ਬੁਲਾ, ਮੈਨੂੰ ਹੁਣੇ ਸਟੇਸ਼ਨ ਤੇ ਜਾਣਾ ਹੈ ।

Father—Sukhwant ! Hire a taxi, I have to go to the station just now.

ਸੁਖਵੰਤ—ਪਿਤਾ ਜੀ, ਹੁਣੇ ਜਾਂਦਾ ਹਾਂ ।

Sukhwant—Father, I am going just now.

ਪਿਤਾ–ਸੁਖਦੇਵ, ਮੇਰਾ ਬਿਸਤਰਾ ਲਿਆ ।

Father--Sukhdev, get my bedding.

ਸੁਖਦੇਵ—ਇਹ ਤੇ ਪਿਆ ਹੈ ।

Sukhdev---It is here.

ਸੁਖਵੰਤ--ਟੈਕਸੀ ਆ ਗਈ, ਪਿਤਾ ਜੀ ।

Sukhwant–Taxi is here, father.

ਪਿਤਾ–ਚਲ ਸੁਖਵੰਤ ਤੂੰ ਵੀ ਮੇਰੇ ਨਾਲ ਆ ।

Father--Come on, Sukhwant, you also come with me.

ਸੁਖਦੇਵ--ਕੀ ਮੈਂ ਵੀ ਆਵਾਂ ?

Sukhdev---Should I also come with you ?

ਪਿਤਾ–ਨਹੀਂ, ਤੇਰੇ ਆਉਣ ਦੀ ਲੋੜ ਨਹੀਂ ਹੈ।

Father—No, you need not come.

ਪਿਤਾ—ਡਰਾਈਵਰ, ਰੇਲਵੇ ਸਟੇਸ਼ਨ ਚਲ।

Father—Driver, drive for the railway station.

ਡਰਾਈਵਰ – ਜੀ ਅਜੇ ਬੜਾ ਵਕਤ ਹੈ, ਘਬਰਾਓ ਨਹੀਂ।

Driver—Sir, there is sufficient time yet. Don't be anxious,

ਪਿਤਾ -- ਗਡੀ ਚਲਣ ਵਿਚ ਸਿਰਫ ਦਸ ਮਿੰਟ ਹਨ।

Father - There are only ten minutes more for the train to start.

ਡਰਾਈਵਰ -- ਉਹ ਤੇ ਠੀਕ ਹੈ, ਪਰ ਗੱਡੀ ਰੋਜ ਅੱਧਾ ਘੰਟਾ ਲੇਟ ਹੁੰਦੀ ਹੈ।

Driver - That is true, but this train has been half an hour late everyday.

ਪਿਤਾ -- ਸੁਖਵੰਤ, ਵੇਖ ਅਸੀਂ ਸਟੇਸ਼ਨ ਤੇ ਪਹੁੰਚ ਗਏ।

Father -- Sukhwant, just see, we have come to the station.

ਸੁਖਵੰਤ -- ਹਾਂ ਪਿਤਾ ਜੀ, ਅਸੀਂ ਤੇ ਬਹੁਤ ਜਲਦੀ ਆ ਗਏ।

Sukhwant - Yes father, we have come very soon.

ਪਿਤਾ -- ਜਾ ਦਿੱਲੀ ਦਾ ਇਕ ਟਿਕਟ ਲੈ ਆ।

Father - Go and bring a ticket for Delhi.

ਪਿਤਾ - ਡਰਾਈਵਰ, ਤੇਰਾ ਕਿੰਨਾ ਕਿਰਾਯਾ ਹੋਇਆ ਹੈ ?

Father -- Driver, how much is your fare ?

ਡਰਾਈਵਰ—ਚਾਰ ਰੁਪਿਆ ਪੱਚੀ ਪੈਸੇ ।

Driver—Four rupees and twenty five paise,

ਪਿਤਾ—ਸੁਖਵੰਤ, ਤੂੰ ਆਪਣੇ ਲਈ ਇਕ ਪਲੈਟਫਾਰਮ ਟਿਕਟ ਲਿਆ ਹੈ ਨਾ ?

Father—Sukhwant ! Have you purchased a platform ticket for yourself ?

ਸੁਖਵੰਤ—ਹਾਂ ਪਿਤਾ ਜੀ, ਮੈਂ ਆਪਣੇ ਲਈ ਪਲੈਟਫਾਰਮ ਟਿਕਟ ਲਿਆ ਹੈ ।

Sukhwant—Yes father, I have purchased a platform ticket for myself.

ਪਿਤਾ—ਹੱਛਾ ਚਲ, ਗੱਡੀ ਵਿਚ ਬੈਠੀਏ ।

Father—All right, let us go and take our seats in the compartment.

ਸੁਖਵੰਤ—ਪਿਤਾ ਜੀ, ਬਿਸਤਰਾ ਉਪਰ ਦੇਂਦਾ ਹਾਂ ।

Sukhwant—Father, I am putting the bedding on the bunk.

ਪਿਤਾ—ਸੁਖਵੰਤ, ਵੇਖ ਤੇ ਕੋਈ ਅਖਬਾਰ ਵਾਲਾ ਹੈ ਤਾਂ ਇਕ ਦੇਸ਼-ਦਰਪਣ ਲੈ ਲਈਂ ।

Father—Sukhwant, just see, whether a news paper hawker is there ; if yes then purchase a copy of Desh-Darpan.

ਸੁਖਵੰਤ—ਹੈ, ਪਿਤਾ ਜੀ, ਹੁਣੇ ਲਿਆਉਂਦਾ ਹਾਂ ।

Sukhwant—There is one, father, I'm just bringing

ਪਿਤਾ—ਸੁਖਵੰਤ, ਹੁਣ ਤੂੰ ਜਾ ਰੇਲ ਦੀ ਸੀਟੀ ਵਜ ਗਈ ਹੈ।

Father—Sukhwant, now you go. The whistle of the train has blown,

ਸੁਖਵੰਤ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਗਡੀ ਤੋਂ ਉਤਰਿਆ ਤੇ ਪੁਛਦਾ ਹੈ—'ਤੁਸੀਂ ਕਦੋਂ ਤਕ ਆਵੋਗੇ ?'

After bowing down to his father, Sukhwant got bown from the train and asked, 'When will you return, father ?"

ਪਿਤਾ—ਕੋਈ ਮਹੀਨਾ ਲਗ ਜਾਵੇਗਾ।

Father--It will take me about a month.

ਗੱਡੀ ਚਲਦੀ ਹੈ।

The train starts.

IV

ਬੀਮਾਰ—ਡਾਕਟਰ ਜੀ ! ਸਤਿ ਸ੍ਰੀ ਅਕਾਲ।

Patient—Good morning, Doctor !

ਡਾਕਟਰ—ਸਤਿ ਸ੍ਰੀ ਅਕਾਲ। ਆਓ ਬੈਠੋ, ਕੀ ਹੋਇਆ ਹੈ ? ਦਸੋ।

Doctor—Good morning ! Come in, take your seat ; tell me what has happened to you.

ਬੀਮਾਰ—ਇਸੇ ਲਈ ਤੇ ਸਵੇਰੇ-ਸਵੇਰੇ ਤੁਹਾਡੇ ਕੋਲ ਆਇਆ ਹਾਂ।

Patient—That is why I have come to you so early in the morning.

ਡਾਕਟਰ—ਹੱਛਾ ਦਸੋ ਤੁਹਾਨੂੰ ਕੀ ਹੋਇਆ ਹੈ ?

Doctor—Well, tell me what you are suffering from ?

ਬੀਮਾਰ—ਮੈਨੂੰ ਭੁਖ ਨਹੀਂ ਲਗਦੀ ਤੇ ਖਾਣਾ ਪੱਚਦਾ ਨਹੀਂ ।

Patient—I don't have appetite at all for food and besides I am suffering from indigestion,

ਡਾਕਟਰ—ਕੀ ਤੁਹਾਨੂੰ ਸਿਰ ਦਰਦ ਵੀ ਹੈ ?

Doctor—Have you headache also ?

ਬੀਮਾਰ—ਹਾਂ ਹੋਂਦਾ ਹੈ, ਪਰ ਸਭ ਤੋਂ ਮੁਸ਼ਕਿਲ ਗਲ ਹੈ ਕਿ ਮੈਨੂੰ ਰਾਤੀਂ ਨੀਂਦ ਨਹੀਂ ਆਉਂਦੀ ।

Patient—Yes, I have. And what is worse, I can't sleep well at night.

ਡਾਕਟਰ—ਹੱਛਾ, ਤੁਸੀਂ ਕੀ ਕੰਮ ਕਰਦੇ ਹੋ ?

Doctor—I see ; what are you ?

ਬੀਮਾਰ—ਮੈਂ ਇਕ ਮਰਚੈਂਟ ਆਫ਼ਿਸ ਦਾ ਕਲਰਕ ਹਾਂ । ਮੈਨੂੰ ਬੜੀ ਦੇਰ ਤਕ ਦਫ਼ਤਰ ਵਿਚ ਬੈਠ ਕੇ ਕੰਮ ਕਰਨਾ ਪੈਂਦਾ ਹੈ ।

Patient—I am a clerk in a merchant office and have to work long hours in the office.

ਡਾਕਟਰ—ਕੀ ਤੁਸੀਂ ਸ਼ਾਮੀ ਕਿਸੇ ਤਰਾਂ ਦੀ ਕਸਰਤ ਕਰਦੇ ਹੋ ?

Doctor—Do you take any sort of exercise in the evening ?

ਬੀਮਾਰ—ਨਹੀਂ ਜੀ ਕਿਸੇ ਤਰਾਂ ਦੀ ਕਸਰਤ ਨਹੀਂ ਕਰਦਾ ਕਿਉਂਕਿ ਜਦੋਂ ਮੈਂ ਘਰ ਪਹੁੰਚਦਾ ਹਾਂ ਮੈਂ ਇੰਨਾ ਥਕਿਆ ਹੋਇਆ ਹੁੰਦਾ ਹਾਂ ਕਿ ਮੈਂ ਖਾ-ਪੀ ਕੇ ਜਲਦੀ ਹੀ ਸੌਂਦਾ ਹਾਂ।

Patient—No sir, I don't take any kind of exercise because when I get home I feel so tired that I simply take my food and go straight to bed.

ਡਾਕਟਰ—ਮੈਨੂੰ ਜਾਪਦਾ ਹੈ ਕਿ ਤੁਹਾਡੀ ਤਕਲੀਫ ਦਾ ਕਾਰਨ ਹੈ ਕਿ ਤੁਸੀਂ ਜ਼ਰੂਰੀ ਆਰਾਮ ਨਹੀ ਕਰਦੇ।

Doctor—I think all your troubles are due to lack af rest.

ਬੀਮਾਰ—ਮੈਨੂੰ ਵੀ ਇੰਜੇ ਹੀ ਲਗਦਾ ਹੈ। ਬਹੁਤ ਦਿਨਾਂ ਤੋਂ ਕੋਈ ਛੁਟੀ ਨਹੀਂ ਮਿਲੀ।

Patient—I also think so I could not have any leave for a long time.

ਡਾਕਟਰ—ਕੀ ਤੁਸੀਂ ਕੁਝ ਦਿਨਾਂ ਲਈ ਅਪਣੇ ਦਫ਼ਤਰ ਤੋਂ ਛੁਟੀ ਨਹੀਂ ਲੈ ਸਕਦੇ ?

Doctor—Are you not able to secure a leave from your office for a few days ?

ਬੀਮਾਰ—ਮੈਂ ਸਮਝਦਾ ਹਾਂ ਕਿ ਤੁਹਾਡੀ ਸਿਫ਼ਾਰਸ਼ ਨਾਲ ਛੁਟੀ ਮਿਲੇਗੀ।

Patient—I think I shall be able to secure a leave with your recommendation.

ਡਾਕਟਰ— ਚੰਗੀ ਗਲ ਏ। ਕੁਝ ਦਿਨਾਂ ਲਈ ਤੁਸੀਂ ਆਪਣੇ ਪਿੰਡ ਚਲੇ ਜਾਵੋ। ਘਰ ਦੀਆਂ ਖਿੜਕੀਆਂ ਨੂੰ ਖੋਲ ਕੇ ਸੌਣਾ ਸਵੇਰੇ ਸ਼ਾਮ ਕੁਝ ਸਮੇਂ ਲਈ ਟਹਿਲਣਾ ਨਿਸਚਿਤ ਸਮੇਂ ਤੇ ਭੋਜਨ ਛਕਣਾ; ਪਾਚਨ ਸ਼ਕਤੀ ਅਤੇ ਭੁਖ ਅਨੁਸਾਰ ਖਾਣਾ ਵੀ ਵਧਾਉਂਦੇ ਜਾਣਾ। ਮੈਂ ਸੋਚਦਾ ਹਾਂ ਕਿ ਇਸ ਨਿਯਮ ਅਨੁਸਾਰ ਤੁਰਨ ਨਾਲ ਤੁਸੀਂ ਛੇਤੀ ਹੀ ਚੰਗੇ ਹੋ ਜਾਵੋਗੇ।

Doctor—Very good. Please go to your village for a few days. Sleep while keeping the windows of the room open. Take walks in the morning and evening for sometime. Take your food at fixed hours increase diet gradually according to your digestive power and appetite. I think you will be all right very soon if you follow these instructions.

ਬੀਮਾਰ—ਧਨਵਾਦ ਡਾਕਟਰ ਸਾਹਿਬ। ਮੈਂ ਆਪ ਦੀ ਸਿਖਿਆ ਅਨੁਸਾਰ ਤੁਰਾਂਗਾ। ਸਤਿ ਸ੍ਰੀ ਅਕਾਲ।

Patient—Thank you, Doctor. I will follow your instructions. Good bye.

ਡਾਕਟਰ—ਸਤਿ ਸ੍ਰੀ ਅਕਾਲ। ਆਪਣਾ ਹਾਲ ਲਿਖਣਾ।

Doctor—Good bye. Please let me know how you get on.

—x—

LESSON—26

Some Specimens of Translation :

ਅਨੁਵਾਦ ਦਾ ਨਮੂਨਾ

1

ਦਿੱਲੀ ਭਾਰਤ ਵਰਸ਼ ਦੀ ਰਾਜਧਾਨੀ ਹੈ। ਜਮਨਾ ਨਦੀ ਦੇ ਕੰਢੇ ਵਸੀ ਹੋਈ ਹੈ। ਇਹ ਸੰਸਾਰ ਦੇ ਪ੍ਰਾਚੀਨ ਨਗਰਾਂ ਵਿਚੋਂ ਇਕ ਹੈ। ਕਿਹਾ ਜਾਂਦਾ ਹੈ ਕਿ ਪੁਰਾਣਾ ਇੰਦਰਪ੍ਰਸੱਥ, ਜੋ ਪਾਂਡੋ ਦੀ ਰਾਜਧਾਨੀ ਸੀ ਅਜ ਕਲ ਦੇ ਦਿਲੀ ਸ਼ਹਿਰ ਦੀ ਥਾਂ ਸੀ ਜਾਂ ਇਸ ਦੇ ਲਾਗੇ ਵਸਿਆ ਹੋਇਆ ਸੀ।

Delhi is the capital of India. It is situated on the bank of the river Jamuna. It is one of the oldest cities of the world. It is believed that ancient Indarprastha, the capital of Pandavas, stood on or near the site of modern Delhi.

2

ਇਕ ਕਾਂ ਤੇਹ ਦੇ ਮਾਰੇ ਮਰਿਆ ਜਾ ਰਿਹਾ ਸ਼ੀ। ਉਸ ਨੇ ਇਕ ਘੜਾ ਵੇਖਿਆ ਜਿਸ ਵਿਚ ਥੋੜਾ ਜਿਹਾ ਪਾਣੀ ਸੀ। ਦੁਰਭਾਗ ਨਾਲ, ਕਾਂ ਦੀ ਚੁੰਝ ਪਾਣੀ ਤਕ ਨਾਂ ਪਹੁੰਚ ਸਕੀ। ਉਸ ਨੇ ਕਈ ਵਾਰੀ ਯਤਨ ਕੀਤਾ ਪਰ ਉਹ ਸਫਲ ਨ ਹੋ ਸਕਿਆ, ਤਾਂ ਉਸ ਨੇ ਘੜੇ ਨੂੰ ਉਲਟ ਦੇਣ ਦਾ ਯਤਨ ਕੀਤਾ ਜਿਸ

ਨਾਲ ਉਹ ਪਾਣੀ ਪੀ ਸਕੇ। ਪਰ ਉਹ ਇਤਨਾ ਬਲਵਾਨ ਵੀ ਤਾਂ ਨਹੀਂ ਸੀ।

A crow was almost dying of thirst. It found a pitcher which had a little water at the bottom. Unfortunately the crow was not able to take its bill into the water. Again and again it tried but to no effect. Then it tried to turn the pitcher over, so that it might get the water. But it was not strong enough for it.

3

ਇਕ ਚਰਵਾਹੇ ਦਾ ਮੁੰਡਾ ਕਿਸੇ ਸਮੇਂ ਮੈਦਾਨ ਵਿਚ ਭੇਡਾਂ ਦੇ ਇਜੜ ਦੀ ਰਖਵਾਲੀ ਕਰਦਾ ਸੀ। ਉਹ ਹਾਸੇ ਮਖੌਲ ਨਾਲ ਕਈ ਵਾਰੀ ਹੋਲਾ ਪਾ ਦਿੰਦਾ ਸੀ–'ਬਘਿਆੜ, ਬਘਿਆੜ!' ਇਸ ਨਾਲ ਆਲੇ ਦਵਾਲੇ ਖੇਤਾਂ ਵਿਚ ਕੰਮ ਕਰਦੇ ਲੋਕ ਹੜਬੜਾ ਕੇ ਉਸ ਦੀ ਸਹਾਇਤਾ ਲਈ ਦੌੜੇ ਆਉਂਦੇ। ਪਰ ਦੋ ਤਿੰਨ ਵਾਰੀ ਧੋਖਾ ਖਾਣ ਪਿਛੋਂ ਉਹਨਾਂ ਨੇ ਫੈਸਲਾ ਕੀਤਾ ਕਿ ਮੁੰਡੇ ਦੀ ਰੌਲੀ ਦੀ ਕੋਈ ਪਰਵਾਹ ਨਹੀਂ ਕਰਾਂਗੇ।

There was once a shepherd boy who watched over a flock of sheep in the fields. As a mere joke he would often shout out: 'Wolf, Wolf'. This caused the men working in the neighbouring fields run to his help. But after thus being

after thus being deceived for two or three times, they decided to take no notice of his shouts.

4

ਊਂਠ ਪਾਣੀ ਤੋਂ ਬਿਨਾਂ ਕਈ ਦਿਨਾਂ ਤਕ ਚਲ ਸਕਦਾ ਹੈ। ਉਸ ਦੇ ਪੇਟ ਵਿਚ ਪਾਣੀ ਦੀਆਂ ਥੈਲੀਆਂ ਹੁੰਦੀਆਂ ਹਨ ਜਿਹਨਾਂ ਵਿਚ ਚਾਰ ਪੰਜ ਦਿਨਾਂ ਲਈ ਲੋੜੀਂਦਾ ਪਾਣੀ ਰਖ ਲੈਂਦਾਂ ਹੈ। ਊਂਠ ਦੂਰੋਂ ਹੀ ਸੁੰਘ ਕੇ ਪਾਣੀ ਦਾ ਪਤਾ ਲਾ ਲੈਂਦਾ ਹੈ ਤੇ ਅਗੇ ਤੁਰਦਾ ਹੋਇਆ ਪਾਣੀ ਕੋਲ ਪੁਜ ਜਾਂਦਾ ਹੈ ਤਾ ਉਹ ਰੱਜਾ ਪਾਣੀ ਪੀ ਲੈਂਦਾ ਹੈ ਤੇ ਸਵਾਰ ਭੀ ਉਤਰ ਕੇ ਪਾਣੀ ਪੀਕੇ ਅਪਣੀ ਮਸ਼ਕ ਪਾਣੀ ਨਾਲ ਭਰ ਲੈਂਦਾ ਹੈ।

The camel can travel for days together without water. Its stomach is filled with water cells in which it can store up a sufficient quantity to last it for four or five days. The camel smells water from a long distance and goes on and on till it comes up to it. Then it drinks sufficiently and the rider also comes down; drinks water and fills his leather bag with it.

5

ਸ਼ੁਤਰਮੁਰਗ ਅਰਬ ਤੇ ਅਫਰੀਕਾ ਦੇ ਮਾਰੂ ਥਲ ਵਿਚ ਮਿਲਦਾ ਹੈ। ਅਰਬ ਵਾਲੇ ਇਸ ਨੂੰ ਊਂਠ-ਚਿੜੀ ਕਹਿੰਦੇ ਹਨ ਕਿਉਂ ਜੋ ਇਸ ਦਾ ਸ੍ਰੀਰ ਤੇ

ਗਰਦਨ ਊਂਠ ਵਾਂਙੂ ਹੁੰਦਾ ਹੈ। ਇਹ ਭੀ ਪਾਣੀ ਤੋਂ ਬਿਨਾਂ ਬਹੁਤ ਦਿਨਾਂ ਤਕ ਰਹਿ ਸਕਦਾ ਹੈ।

The Ostrich is found in the sandy desert of Arabia and Africa. Among the Arabs it is called the camel bird, for its body and neck are like those of a camel. Like camel it can live for a long time without water.

6

ਖਰਗੋਸ਼ ਦੇ ਦੋ ਕੰਨ ਹੁੰਦੇ ਹਨ। ਉਹ ਝਾੜੀਆਂ ਵਿਚ ਰਹਿੰਦਾ ਹੈ। ਜਦ ਉਹ ਕੰਨ ਬੜੇ ਕਰਕੇ ਦੌੜਦਾ ਹੈ ਤਦ ਉਹ ਬਹੁਤ ਸੁੰਦਰ ਦਖਾਈ ਦਿੰਦਾ ਹੈ। ਕੁਝ ਲੋਕੀਂ ਖਰਗੋਸ਼ ਨੂੰ ਪਾਲਦੇ ਭੀ ਹਨ। ਉਹ ਬਹੁਤ ਤੇਜ਼ ਦੌੜਦਾ ਹੈ। ਜਦ ਸ਼ਕਾਰੀ ਕੁਤੇ ਉਸਦਾ ਪਿਛਾ ਕਰਦੇ ਹਨ ਤਦ ਉਸਦੀ ਦੌੜ ਵੇਖਣ ਵਾਲੀ ਹੁੰਦੀ ਹੈ। ਵਲਾਇਤੀ ਖਰਗੋਸ਼ ਚਿਟਾ ਹੁੰਦਾ ਹੈ।

The hare has two ears. It lives among bushes. When it runs with its ears erect it looks very beautiful. Some people tame it. It runs very fast. When the hounds chase it, its race is worth seeing. The English hare is of white colour.

7

ਹਿਰਨ ਕਈ ਤਰ੍ਹਾਂ ਦੇ ਹੁੰਦੇ ਹਨ । ਜਦ ਇਹ ਚੌਕੜੀ ਭਰਦੇ ਹੋਏ ਨਠਦੇ ਹਨ ਤਦ ਉਹਨਾਂ ਨੂੰ ਪਕੜਨਾ ਮੁਸ਼ਕਲ ਹੁੰਦਾ ਹੈ । ਹਿਰਣ ਦੱਬ ਚਰਦੇ ਹਨ ਅਤੇ ਹਿਰਨੀ ਅਪਣ ਬਚੇ ਨੂੰ ਦੁਧ ਪਿਲਾਂਦੀ ਹੈ । ਹਿਰਨ ਦੇ ਸਿੰਗ ਬੜੇ ਨੋਕਦਾਰ ਹੁੰਦੇ ਹਨ । ਇਸ ਦੀ ਖਲ ਨੂੰ ਪਵਿਤ੍ਰ ਸਮਝਿਆ ਜਾਂਦਾ ਹੈ । ਪੁਰਾਣੇ ਸਮਿਆਂ ਵਿਚ ਸਾਧੂ ਲੋਕ ਇਸ ਦੀ ਖਲ ਨੂੰ ਬੈਠਣ ਲਈ ਵਰਤਦੇ ਸਨ ।

Deer are of various types. When they run with leaps and bounds it is hard to seize them. Deer eats grass and the female suckles its young. The horns of a deer are pointed. Its skin is considered sacred. In ancient times hermits used its skin for a seat.

8

ਵਕਤ ਵਾਕਣ ਹੋਰ ਕੀਮਤੀ ਚੀਜ਼ ਨਹੀਂ ਹੈ । ਜਿਸਨੇ ਇਸ ਨੂੰ ਠੀਕ ਤਰ੍ਹਾਂ ਖਰਚ ਨਹੀਂ ਕੀਤਾ ਉਹ ਹਮੇਸ਼ਾ ਕੰਗਾਲ ਰਹੇਗਾ । ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਇਕ ਪਲ ਦਾ ਹਿਸਾਬ ਰਖੀਏ ਜਿਵੇਂ ਕੰਜੂਸ ਆਪਣੀ ਕੌੜੀ ਕੌੜੀ ਦਾ ਹਿਸਾਬ ਰਖਦਾ ਹੈ ਤੇ ਰਾਤ ਨੂੰ ਸੌਣ ਲਗਿਆਂ ਵੇਖ ਲਈਏ ਕਿ ਕੋਈ ਵੇਲਾ ਫਾਲਤੂ ਤੇ ਨਹੀਂ ਗਿਆ । ਜੇ ਵਿੰਜ ਹੋਇਆ ਹੈ ਤਾਂ ਉਸ ਵਾਸਤੇ ਪਛਤਾਈਏ ਤੇ ਅਗੋਂ ਤੋਂ ਧਿਆਨ ਰਖੀਏ ।

There is nothing valuable like time. Who-

ever failed to use it carefully will ever remain poor. We must keep an account of each second as a miser keeps of his kowries; and at night before going to bed, must examine if we have wasted any moment. If we find that we have wasted some moments we must be sorry and be careful for the future.

9

ਸਾਬਣ ਲਾ ਲਾ ਧੋਤਾ ਕੋਲਾ, ਦੁਧ ਦਹੀਂ ਵਿਚ ਪਾਇਆ।
ਖੂੰਬ ਚਾੜ੍ਹ ਰੰਗਣ ਭੀ ਧਰਿਆ, ਰੰਗ ਨਾ ਉਸ ਵਟਾਇਆ।
ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ।
ਅੰਗ ਅਗ ਦੇ ਲਾ ਕੇ ਦੇਖੋ, ਚੜ੍ਹਦਾ ਰੂਪ ਸਵਾਇਆ।

(ਭਾਈ ਵੀਰ ਸਿੰਘ)

I tried to wash a piece of coal with soap and put it into milk and curd to make it white, but to no effect. Then I processed it with different dyes to colour it but it did not change its colour. It had become black on separation form its beloved, that would not go unless it is reunited. Put it in fire and you will find it glowing with all its beauty.

—Bhai Veer Singh

10

(Verse from Sukhmani)

ਤੂ ਠਾਕੁਰੁ ਤੁਮ ਪਹਿ ਅਰਦਾਸਿ ।
ਜੀਉ ਪਿੰਡੁ ਸਭੁ ਤੇਰੀ ਰਾਸਿ ।
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ।
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ।
ਕੋਇ ਨ ਜਾਨੈ ਤੁਮਰਾ ਅੰਤੁ ।
ਊਚੇ ਤੇ ਊਚਾ ਭਗਵੰਤੁ ।
ਸਗਲ ਸਮਗ੍ਰੀ ਤੁਮਰੈ ਸੂਤ੍ਰਿਧਾਰੀ ।
ਤੁਮ ਤੇ ਹੋਇ ਸੁ ਆਗਿਆਕਾਰੀ ।
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ।
ਨਾਨਕ ਦਾਸ ਸਦਾ ਕੁਰਬਾਨੀ ।

Transliteration :—

(Tu ṭhākuru tum pahi ardāsi,
jiu pinḍu sabhu tēri rāsi.
Tum māt pitā ham bārik tērē,
tumari kripā mahi sukh ghanērē.
Kōi na jānai tumarā antū.
uchē tē uchā bhagavantu.
Sagal samagri tumarē sutridhāri,
tum tē hōi su āgyākāri.
Tumari gati miti tum hi jāni,
Nānak dās sadā kurbāni.)

English meaning :—

You are my God and I pray to you. I offer myself to You with all my body and mind. You are my father and You are my mother ; I am Your child. I find all the pleasures through Your mercy. No one knows Your limits, You are high and above all limits. You have set the entire matter in order and thus every thing obeys Your order. Only You know the depth and state of Your affairs. Nanak says ; I am Your humble servant for all times.

11

(Verse from Guru Granth Sahib)

ਕਾਹੇ ਰੇ ਬਨ ਖੋਜਨ ਜਾਈ ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ।੧। ਰਹਾਉ ।
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ।
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ ।੧।
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ ।
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ।

Transliteration :—

(Kāhērā ban khojana jāī,
Sarba nivāsi sadā alēpā tohi sangi
samāi (1) rahāu.
Puhap madhi jiu bāsu bastu hai,
mukara māhi jaichhē chhāi.
Taisē hi hari basē nirantari,
ghaṭ hi khojahu bhāī (1)
Bāhari bhītari ekō jānahu,
ihu gur giānu batāī.
Jan Nānaku binu āpā chānai
miṭai na bhram ki kāī)

English meaning :—

O, Why do you go to jungles in search of Him ; He th t is everywhere, is there by you. Just as the scent lives in the flower ; just as the reflection is always there in the mirror, the same way He is within you. Please search Him out from thy ownself. My teacher has given me this knowledge that He is there inside and outside. Nanak says that without understanding yourself you cannot shed your doubts.

12

(1st Verse from Japaji)

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

Transliteration :—

(Sochai sochi na hovaī jē sochi lakh vār,
Chupai chup na hovai jē lāī rahā livtār.
Bhukhiā bhuk na ūtarī jē bannā puriā bhār.
Sahasa sihānpā lakh hohi ta ik na chalai nāli.
Kiv sachiārā hoiai kiv kuṛai tuṭai pāli.
Hukmī rajāī chalṇā Nanak likhiā nāli.)

English meaning :—

Cleanse the body a million times, yet
the mind will not be cleansed.
The body at rest shall not make
the restless mind peaceful.
The thirst for enjoyment remains insatiable
to a person who is ever covetous to enjoy.

Neither a thousand nor even a million types of accumulated learning will accompany a person who is dragged by Death to the land of oblivion.

Nanak sings, that only by God's grace truth dawns in a heart with the disappearance of falsehood.

(Rendered into English by Prof. Sudhir gupta, M. A.)

13

(38th Verse from Japaji)

ਜਤੁ ਪਹਾਰਾ ਧੀਰਜੁ ਸੁਨਿਆਰੁ ।
ਅਹਰਣਿ ਮਤਿ ਵੇਦੁ ਹਥਿਆਰੁ ॥

ਭਉ ਖਲਾ ਅਗਨਿ ਤਪ ਤਾਉ ।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ।
ਘੜੀਐ ਸਬਦੁ ਸਚੀ ਟਕਸਾਲ ॥

ਜਿਨ ਕਉ ਨਦਰਿ ਕਰਮੁ ਤਿਨਕਾਰ ।
ਨਾਨਕ ਨਦਰੀ ਨਦਰਿ ਨਿਹਾਲ ॥੩੮॥

Transliteration :—

Jatu pahārā dhiraj suniāru,
Aharaṇi mati vedu hathiāru.

Bhaū khalā agani tap tāū,
Bhāndā bhāū amrit titu ḍhāli,
Ghariāi sabdu sachi taksāl.

Jin kaū nadari karamu tinkār,
Nānak nadari nadari nihāl.

English meaning :—

Make patience your goldsmith
and self-control your bellows.

Make the mind your anvil and
knowledge your hammer.

Enkindle the fire of penance in the furnace
of religiousness and apply heat to the
nectar of love at the command of God.

Mould the strong seal bearing the name of God in the mint of truth.

This terrestrial life becomes blessed due to His mercy.

Nanak advises all to sacrifice everything to Him.

(Rendered into English by Prof. Sudhir Gupta M. A.)

—×—

LESSON 27

Passages for Translation

Translate into Punjabi :

(1).

Harihar had three sons. Their names were Subodh, Prabodh and Madhav. Madhav was the youngest (ਸਭ ਤੋਂ ਛੋਟਾ), and Subodh was the eldest of all (ਸਭ ਤੋਂ ਵਡਾ). Madhav was ten years old and Subodh was twenty five years. Harihar had lost his wife eight years back.

(2)

India is our motherland (ਮਾਤ੍ਰ ਭੂਮਿ). We live in India. So other nations call us Indians. To-day India is free (ਸੁਤੰਤਰ). We have fought long with the British power for the freedom of our country. Mahatma Gandhi was our leader. Our weapons were Truth and Non-violence. Our great leader discovered the power of Satyagraha– the power of Truth and Non-violence.

(3)

I am son of a weaver. I was born in a small village near Adampur Doaba. I have an elder brother and a younger sister. My father was very poor. He could not send us to school. But I had a great desire (ਇੱਛਾ) to learn to read a d write. My father used to call me every morning to work at the loom. I did not like this work at all. So I tried to avoid him.

(4)

Almost all creatures can swim (ਤੈਰ). Elephants, horses, cows, dogs and other animals have not to be taught to do so. Everybody should learn to swim. Young boys and girls can easily learn swimming. Swimming is a very good exercise. It yields us much pleasure. It is very pleasant to swim in cold water in the summer (ਗਰਮੀਆਂ ਵਿਚ).

(5)

Men and beasts have limbs. A man has two arms and two hands, two legs and two feet. A lamb has four legs. A dog has four paws. The horse has cloven hoofs. Birds have no teeth. If you pay a visit to the zoological gardens, you shall be greatly delighted to see various large animals.

(6)

When we think attentively to consider the world around us, one of the first things to claim notice is the air (ਹਵਾ). We do not see it and yet it is present. How profoundly it influences the life of man! How continually it changes its character, and how much these alterations affect us ;—now blowing in a gentle breeze and then sweeping along in a fierce storm, at one time cold and at another time warm, to-day clear and dry, to-morrow laden with vapour or drenched with rain.

(7)

We can obtain control over others by generating two kinds of force—constructive and destructive. Love and service characterize the former while hatred and fear distinguish the latter. To-day the world is under the power of fear and hatred. This is the result of one socio-economic order (ਸਾਮਾਜਿਕ-ਆਰਥਿਕ ਵਯਵਸਥਾ) which is necessarily based on our possessing a control over our neighbour. Centralised industries (ਕੇਂਦ੍ਰੀਯ ਉਦਯੋਗ) which have their machinery and plants (ਕਾਰਖਾਨੇ) located at one place have to obtain their raw materials from distant places. They also have to find their markets and control them in their favour, may be at the other end of the world (ਫਿਰ ਭਾਂਵੇ ਉਹ ਬਜ਼ਾਰ ਦੁਨੀਆਂ ਦੇ ਦੂਜੇ ਸਿਰੇ ਤੇ ਕਿਉਂ ਨਾ ਹੋਣ) ।

(8)

Textile Mills (ਕਪੜਿਆਂ ਦੀਆਂ ਮਿਲਾਂ) may be located at Manchester where no cotton grows.

The needed cotton has to be grown in India 6,000 miles away. After it is spun and woven into cloth it has to be sent back to India to be sold—another journey of 6,000 miles. This makes it imperative (ਜ਼ਰੂਰੀ) for the lives of the cotton-growers in India to be planned by the mill-owners of Manchester who will also want to control the Government of India so as to obtain favourable customs (ਅਨਕੂਲ ਚੁੰਗੀ) and excise duties (ਆਬਕਾਰੀ ਕਰ) so that their cloth may be sold.

(9)

"What is wealth?" asked the friend and replied, "Not gold and silver." A traveller who lost his way in the desert (ਰੇਗਿਸਤਾਨ) could not eat or drink gold and silver. He would gladly exchange all the gold and silver in the world for a morsel of food or a drink of water to sustain life (ਜ਼ਿੰਦਗੀ ਨੂੰ ਬਣਾਈ ਰਖਣ ਲਈ). Gold and silver only provide a handy medium for the exchange of

useful commodities. A nation's wealth was measured not by the precious metal in its vaults (ਖਜ਼ਾਨਾ) but by the useful commodities it possessed and the capacity to produce them. A nation that had healthy and industrious men and women with the skill and talent to produce useful commodities, was a rich nation, although it did not own an ounce of gold or silver.

10

On the contrary (ਇਸਦੇ ਉਲਟ) a nation that lacked these was a poor nation, inspite of all the gold and silver it might possess. A person who did not produce but only consumed was a parasite living upon the industry of others and became a burden of society. "Capacity to earn money," went on my friend, "Was no measure of talent." A money bag which a man máde by exploitation (ਸ਼ੋਸ਼ਣ) at the expense of others was not an asset to the country. But a person who produced something useful, however common place (ਮਾਮੂਲੀ), e.g. ; a table or a chair, added to the wealth of the country and was therefore an asset (ਸੰਪਤੀ).

LESSON 28

Idioms & Proverbs

ਮੁਹਾਵਰੇ ਅਤੇ ਕਹਾਵਤਾਂ

A group of words which have a special meaning when used together, is called an idiom (ਮੁਹਾਵਰਾ).

A group of words which have a complete sense of a short wise saying commonly used by the people, is called a proverb (ਕਹਾਵਤ).

The expression becomes appropriate and forceful by using idioms and proverbs. Idioms and proverbs are very much used in Punjabi literature and conversation, so the learners should know their correct use. The following is a list of some idioms and proverbs.

Idioms :

ਉਂਗਲੀ ਕਟਣਾ—to be astonished.

ਅਕਲ ਖਰਚ ਕਰਨਾ—to use one's sense.

ਅਦਲੇ ਦਾ ਬਦਲਾ—tit for tat.

ਅਗ ਬਬੂਲਾ ਹੋਣਾ—to foam with rage.

ਆਪਣੇ ਮੂੰਹ ਮੀਆਂ ਮਿਠੂ ਹੋਣਾ—to blow one's own trumpet.

ਅਖ ਦਾ ਤਾਰਾ—to be very dear to somebody, darling.

ਅਖ ਦਿਖਾਣਾ—to frighten.

ਅਖਾਂ ਪਾੜ ਕੇ ਵੇਖਣਾ—to look steadily at a thing.

ਅਖਾਂ ਵਿਛਾਣਾ—to receive with affection.

ਅਖਾਂ ਭਰ ਆਉਣੀਆਂ—to have eyes filled with tears.

ਅਖਾਂ ਮਾਰਨਾ—to make a gesture with eyes.

ਅਖਾਂ ਮਿਲਾਣਾ—to look fully in face of, to fall in love with.

ਅੱਖਾਂ ਵਿਚ ਧੂੜ ਪਾਣੀ—to throw dust in one's eyes to cheat.

ਅੱਖ ਲਗਾਣਾ—to sleep.

ਅੱਖ ਬੰਦ ਕਰ ਲੈਣੀਆਂ—to neglect.

ਅਥਰੂ ਭਰ ਆਉਣੇ—to bring tears into one's eyes.

ਅਗ ਤੇ ਤੇਲ ਪਾਉਣਾ—to add fuel to the fire.

ਅਗੇ ਪਿਛੇ ਕਰਨਾ—to hesitate.

ਅਜ ਕਲ ਕਰਨਾ—to evade.

ਆਟੇ ਦਾਲ ਦਾ ਫਿਕਰ—anxiety for means of sustenance.

ਆਦਮੀ ਬਨਾਣਾ—to teach good manners.

ਆਨਾ ਕਾਨੀ ਕਰਨਾ—to hesitate.

ਆਪੇ ਵਿਚ ਆਉਣਾ—to recover one's senses.

ਕੱਚਾ ਦਿਲ—timid, not of firm mind.

ਕੱਚਾ ਮਾਲ--raw materials.

ਕੱਚਾ ਹੱਥ—inexperienced or unskilled hand.

ਕੱਚੀ ਗਲ—indecent talk.

ਕਲੰਕ ਦਾ ਟਿਕਾ ਲਗਣਾ—to have a bad name.

ਕਲੇਜੇ ਤੇ ਸੱਪ ਲੇਟਣਾ—to suffer envy or jealousy.

ਕੰਨ ਤੇ ਜੂੰ ਨਾ ਸਰਕਣੀ—to be careless.

ਕੰਨ ਕਟਣਾ—to defeat.

ਕੰਨਾਂ ਦਾ ਕੱਚਾ—easily believing.

ਕੰਨ ਖਾਣੇ—to make an uproar.

ਕੰਨ ਪਕੜਨੇ—to accept one's folly.

ਕੰਨ ਭਰਨੇ--to poison one's mind.

ਕੰਮ ਤਮਾਮ ਕਰਨਾ—to kill, to finish.

ਖੜਾ ਜੁਆਬ--a ready denial.

ਖਿਲੀ ਉਡਾਣਾ--to make fun of.

ਗਲਾ ਘੁੱਟਣਾ—to choke, to suffocate.

ਗਲਾ ਛੁਟਣਾ—to get rid of.

ਗਲਾ ਫਾੜਨਾ—to cry very loudly.

ਗਲੇ ਪੈਣਾ—to be incumbent against one's will.

ਗਲੇ ਲਗਾਣਾ—to embrace.

ਘਰ ਕਰਨਾ—to make room for.

ਘਰ ਦਾ ਨਾ ਘਾਟ ਦਾ--of no fixed abode, worthless.

ਘਰ ਫੋੜਨਾ—to create disturbance in a family.

ਚੱਕਰ ਆਉਣਾ—vertigo.

ਚੱਕਰ ਕਟਣਾ—to revolve.

ਚੱਕਰ ਵਿਚ ਪੈਣਾ—to be deceived.

ਚੁਟਕੀ ਵਿਚ ਉਡਾਨਾ—to turn into a joke.

ਚੁਲੀ ਭਰ ਪਾਣੀ ਵਿਚ ਡੁਬ ਮਰਨਾ—to be greatly abashed.

ਚੂੰ ਨਾ ਕਰਨਾ—to be in awe, to be silent.

ਛੂ ਮੰਤਰ ਹੋਣਾ--to disappear from sight.

ਜੈਸੇ ਦਾ ਤੈਸਾ—tit for tat, to return blow for blow.

ਜੈਸਾ ਕਰਮ ਤੈਸਾ ਫਲ—to be rightly served.

ਦੰਦ ਚਬਾਨਾ--to grind teeth with rage.

ਦੰਦਾਂ ਥਲੇ ਉਂਗਲੀ—to be wonderstruck.

ਦੰਦ ਖਟੇ ਕਰਨਾ—to torment much.

ਦੰਦ ਤੋੜਨਾ—to torment.

ਦੰਦਾਂ ਵਿਚ ਤਿਨਕਾ ਲੈਣਾ—to make great entreaties.

ਦੰਦ ਰਖਣਾ—to have earnest desire.

ਦਾਲ ਗਲਣਾ—to be effective.

ਦਾਲ ਵਿਚ ਕਾਲਾ ਹੋਣਾ—something to be wrong.

ਦਾਲ ਰੋਟੀ—one's livelihood.

ਦਾ ਲਗਾਣਾ—to get an opportunity.

ਦਾ ਲੈਣਾ—to retaliate.

ਦਿਨ ਕਟਣੇ—to pass one's days.

ਦਿਨ ਦਿਹਾੜੇ—in broad day-light.

ਦਿਨ ਦੂਨਾ ਰਾਤ ਚੌਗੁਣੀ—improving by leaps and bounds.

ਦਿਨ ਗੁਆਉਣਾ-to spend time carelessly.

ਦਿਨ ਰਾਤ--always.

ਦਿਲ ਪਕਾ ਕਰਨਾ—to take courage.

ਦਿਲ ਜਮਣਾ--to be intent on, to be in love with.

ਦਿਲ ਟਿਕਾਣੇ ਹੋਣਾ--to be settled in mind.

ਦਿਲ ਦੇਣਾ--to fall in love.

ਦਿਲ ਬੁਝਾਣਾ--to lose all enthusiasm.

ਦਿਲ ਬਹਲਾਣਾ—recreation, diversion.

ਨਮਕ ਮਿਰਚ ਲਗਾਣਾ—to exaggerate a fact.

ਨਕ ਕਟਾਣਾ—to lose one's honour.

ਨਕ ਭੌਂ ਚੜਾਣਾ—to be displeased.

ਨਕ ਵਿਚ ਦਮ ਕਰਨਾ—to tease excessively.

ਨਕ ਰਗੜਨਾ--to make an humble entreaty.

ਨਕ ਦਮ ਹੋਣਾ--to be harassed.

ਨਕ ਸਿਕੋੜਨਾ--to be displeased.

ਨਕ ਰਖ ਲੈਣਾ—to keep up one's prestige.

ਨੜਿਨਵੇਂ ਦਾ ਫੇਰ—an earnest desire to amass wealth.

ਪਾਣੀ ਪਾਣੀ ਕਰਨਾ—to abash.

ਪਾਣੀ ਪਾਣੀ ਹੋਣਾ—to be ashamed.

ਪੇਟ ਕਟਨਾ—to starve oneself intentionally.

ਪੇਟ ਦਾ ਧੰਧਾ--occupation, means of livelihood.

ਪੇਟ ਜਲਨਾ--to be extremely hungry.

ਫੇਰ ਵਿਚ ਪੈਣਾ—to fall into difficulty.

ਫੇਰ ਫਾਰ--alteration.

ਮਖੀ ਮਾਰਨੀ--to remain idle.

ਮਨ ਦੇ ਲਡੂ ਭੋਰਨੇ--to build castles in the air.

ਮਨ ਹੀ ਮਨ--secretly.

ਮਨ ਮਾਨਾ--according to one's sweet will.

ਮਾਈ ਦਾ ਲਾਲ--brave.

ਮੂੰਹ ਕਾਲਾ ਕਰਨਾ--to be disgraced.

ਮੂੰਹ ਖੋਲਨਾ--to abuse.

ਮੂੰਹ ਉਜਲਾ ਹੋਣਾ--to attain credit.

ਮੂੰਹ ਵਿਚ ਪਾਣੀ ਆਉਣਾ—to have an earnest desire for.

ਮੂੰਹ ਮੋੜਨਾ—to desert, to refrain from.

ਮੂੰਹ ਬਨਾਣਾ—to make faces to mock.

ਰਾਮ ਕਹਾਣੀ—a long story.

ਰਾਮ ਰਾਮ ਕਰਨਾ—to salute a person.

ਹਵਾ ਵਿਚ ਪੁਲ ਬੰਨ੍ਹਣੇ—to build castles in the air.

ਹਵਾ ਖਾਨਾ—to go for a walk.

ਹਵਾ ਪੀਕੇ ਰਹਨਾ—to observe a fast.

ਹਵਾ ਵਿਚ ਲੜਨਾ—to quarrel without a cause.

ਹਵਾ ਨਾਲ ਗਲਾਂ ਕਰਨੀਆਂ—to run very fast, to talk uselessly.

ਹਵਾ ਹੋ ਜਾਣਾ—to disappear from sight.

ਹੱਥ ਦੀ ਸਫਾਈ—legerdemain, jugglery.

ਹੱਥ ਮਿਲਾਨੇ—to shake hands.

ਹੱਥ ਆਉਣਾ—to come into one's possession, to obtain.

ਹੱਥ ਖਾਲੀ ਹੋਨਾ—to be penniless.

ਹੱਥ ਜੋੜਨਾ—to salute, to cut all connections with.

ਹੱਥ ਧੋਨਾ—to lose, to relinquish.

ਹੱਥ ਧੋਕੇ ਪਿਛੇ ਪੈਣਾ—to engage heart and soul in an enterprise.

ਹਥ ਤੇ ਹਥ ਧਰ ਕੇ ਬੈਠੇ ਰੇਹਣਾ—to remain idle.
ਹਥ ਵਟਾਉਣਾ—to help.
ਹਥੋ ਹਥ—hastily.
ਹੱਕਾ ਬੱਕਾ ਹੋਣਾ-to be confused.

Proverbs :—

ਅੰਤ ਭਲਾ ਸੋ ਭਲਾ—All is well that ends well.
ਅੰਨ੍ਹਿਆਂ ਵਿਚ ਕਾਣਾ ਰਾਜਾ—-A figure among cyphers.
ਆਪਣਾ ਪੁਤਰ ਸਭ ਨੂੰ ਪਿਆਰਾ—Every potter praises his own pot.

ਆਪ ਭਲਾ ਤੇ ਜਗ ਭਲਾ—Good mind good find.
ਇਲਾਜ ਤੋਂ ਪ੍ਰਹੇਜ਼ ਅਛਾ—Prevention is better than cure.
ਉਤਾਵਲਾ ਸੋ ਬਾਵਲਾ—Hurry spoils curry.
ਊਠ ਦੇ ਮੂੰਹ ਵਿਚ ਜੀਰਾ—A drop in the ocean.
ਇਕ ਪੰਥ ਦੋ ਕਾਜ—To kill two birds with one stone.
ਕੋਲਾ ਹੋਏ ਨਾ ਉਜਲਾ—Black will take no other hue.
ਕੰਮ ਪਿਆਰਾ ਕਿ ਚੰਮ—Handsome is that handsome does.

ਖਰੀ ਮਜੂਰੀ ਚੋਖਾ ਕੰਮ—A good servant should have good wages.

ਗਿਆ ਵਕਤ ਫਿਰ ਹਥ ਨਹੀਂ ਆਉਂਦਾ—Time and tide wait for none.

ਚਾਰ ਦਿਨ ਦੀ ਚਾਂਦਨੀ ਫੇਰ ਹਨੇਰੀ ਰਾਤ—A nine day's wonder.

ਜਬ ਲਗ ਸਾਸ ਤਬ ਲਗ ਆਸ—While there's life there's hope.

ਜ਼ਮੀਨ ਆਸਮਾਨ ਦਾ ਫਰਕ—There's a world of difference in it.

ਜਿਥੇ ਫੁਲ ਉਥੇ ਕੰਡਾ—No rose without thorn.

ਜਿਤਨਾ ਧਨ ਉਤਨੀ ਚਿੰਤਾ—Much coin, much care.

ਜਿਸਦੀ ਲਾਠੀ ਉਸਦੀ ਭੈਂਸ—Might is right.

ਜਿਸਦਾ ਦੁਖ ਉਹੀ ਜਾਣੇ—The wearer knows where the shoe pinches.

ਜੈਸਾ ਬਾਪ ਵੈਸਾ ਬੇਟਾ--Like father like son.

ਜੈਸਾ ਆਇਆ ਵੈਸਾ ਗਿਆ--Evil got evil spent.

ਜੈਸਾ ਰਾਜਾ ਵੈਸਾ ਪ੍ਰਜਾ--As the king so are the subjects.

ਜੈਸਾ ਦੇਸ਼ ਵੈਸਾ ਭੇਸ--Be a Roman when you are in Rome.

ਜੋ ਗਰਜਦੇ ਹਨ ਓਹ ਬਰਸਦੇ ਨਹੀਂ--Roaring clouds never rain.

ਦੁਖ ਭੋਗੇ ਬਿਨਾਂ ਸੁਖ ਨਹੀਂ--No meat without some sweat.

ਦੁਧ ਦਾ ਦੁਧ ਪਾਣੀ ਦਾ ਪਾਣੀ--Oil and truth must come out.

ਦੁਧ ਪਿਲਾ ਕੇ ਸਪ ਪਾਲਨਾ--To cherish a serpent in one's bosom.

ਧਨ ਨੂੰ ਧਨ ਕਮਾਂਦਾ ਹੈ—Money begets money.

ਨਾ ਘਰ ਦਾ ਨਾ ਘਾਟ ਦਾ—Neither fish nor fowl.

ਨੌ ਨਕਦ ਨਾ ਤੇਰਾਂ ਉਧਾਰ—A bird in hand is worth two in the bush.

ਨੱਚ ਨਾ ਜਾਨੇ ਆਂਗਨ ਟੇਢਾ—A bad workman quarrels with his tools.

ਨੀਮ ਹਕੀਮ ਖਤਰਾ ਜਾਨ—A little learning is a dangerous thing.

ਪਾਣੀ ਵਿਚ ਰਹਿਕੇ ਮਗਰ ਮਛ ਨਾਲ ਵੈਰ—To live in Rome and strife with the Pope.

ਬਗਲ ਵਿਚ ਛੁਰੀ ਮੂੰਹ ਵਿਚ ਰਾਮ ਰਾਮ—A wolf in a lamb's skin.

ਬਿਨਾਂ ਸੇਵਾ ਮੇਵਾ ਨਹੀਂ ਮਿਲਦਾ—No pain no gain.

ਮਰਦਾ ਕੀ ਨਾ ਕਰਦਾ—The desperate man does all things.

ਮੁਲਾਂ ਦੀ ਦੌੜ ਮਸੀਤ ਤਕ—The priest goes no further than the church.

ਰਾਈ ਦਾ ਪਹਾੜ ਬਨਾਣਾ—To make a mountain of a mole hill.

ਲੋਹੇ ਨੂੰ ਲੋਹਾ ਕਟਦਾ ਹੈ—Diamond cuts diamond.

—×—

LESSON 29

VOCABULARY

ਅਸਚਰਜ (ascharj) surprising
ਅਸਰ (asar) effect.
ਅਸਲੀ (aslī) real
ਅਹਿਸਾਨ (ahisān) gratefulness.
ਅਕਸਰ (aksar) often.
ਅਕਲ (akal) f. intellect
ਅਕਾਲ (akāl) f. hard time
ਅਖ (akh) f. eye
ਅਖਬਾਰ (akhbār) f. newspaper
ਅਗ (agg) f. fire
ਅਚਾਨਕ (achānak) suddenly
ਅਚੇਤ (achēt) senseless
ਅਛੂਤ (achhūt) untouchable
ਅਜਬ (ajab) wonderful, strange
ਅਜਾਇਬ ਘਰ (ajāibghar) museum
ਅੱਤ (att) extreme
ਅਥਰੂ (athru) tear
ਅਦਾਲਤ (adālat) f. court of justice
ਅੱਧਾ (addhā) half
ਅਧੂਰਾ (adhurā) incomplete
ਅਨਪੜ੍ਹ (anpaṛh) illiterate
ਅਨਮੋਲ (anmol) priceless, very costly
ਅਨਾਜ (anāj) grain, corn.
ਅਨਾਰ (anār) pomegranate
ਅਨ੍ਹਾਂ (andhāñ) blind
ਅਨੋਖਾ (anokhā) strange, novel.
ਅੰਗੜਾਈ (angrāi) f. yawning
ਅੰਗੀਠੀ (angīthī) f. oven
ਅੰਗੂਠੀ (angūthī) f. finger-ring

ਅੰਗੂਠਾ (angūṭhā) thumb
ਅੰਜੀਰ (anjīr) fig
ਅੰਡਾ (aṇḍā) egg
ਅੰਤ (ant) end
ਅੰਤਕਾਲ (antkāl) last breath
ਅੰਦਰ (andar) inside, within
ਅੰਦਰੂਨੀ (andrūni) internal
ਅੰਦਾਜ਼ (andāz) estimate, guess
ਅੰਬ (amb) mango
ਆਸ (ās) f. hope
ਆਸਰਾ (āsrā) shelter, asylum
ਆਸਾਨ (āsān) easy
ਆਖਰ (ākhhar) at the end
ਆਗੂ (āgū) leader
ਆਤਸ਼ਬਾਜ਼ੀ (ātasbāzī) f. fire works
ਆਦਤ (ādat) f. habit
ਆਦਮੀ (ādmī) man
ਆਦੀ (ādī) habituated
ਆਪਸ (āpas) f. mutual
ਆਬਰੂ (ābrū) f. respect, honour
ਆਬਾਦੀ (ābādī) f. population
ਆਰਾਮ (ārām) rest
ਆਲਸੀ (ālsī) f. lazy
ਆਲੀਸ਼ਾਨ (ālishān) grand
ਆਵਾਰਾ (āvārā) vagabond
ਆਵਾਜ਼ (āvāj) f. voice, sound.
ਆਲ੍ਹਣਾ (ālhṇā) nest
ਆਸ਼ਕ (āshak) lover
ਆਸ਼ਾ (āshā) f. hope
ਆਜ਼ਾਦ (āzād) free
ਆਜ਼ਾਦੀ (āzādī) f. freedom
ਆਫ਼ਤ (āfat) f. disaster
ਇਸਤ੍ਰੀ (istrī) f. woman
ਇੱਕ (ikk) one
ਇਕੱਠਾ (ikaṭṭhā) together
ਇਕਰਸ (ikras) similar, alike
ਇਕੱਲਾ (ikallā) alone, single
ਇਜਾਜ਼ਤ (ijāzat) permission
ਇਤਨਾ (itnā) this much
ਇੰਤਜ਼ਾਰ (intzār) to wait
ਇਤਬਾਰ (itbār) confidenoe
ਇਤਰਾਜ਼ (itrāz) objeotion

ਇਨਸਾਨ (insān) man, mankind
ਇਨਸਾਫ਼ (insāf) justice
ਇਨਕਾਰ (inkār) denial
ਇਨਾਮ (inām) prize
ਇਮਤਿਹਾਨ (imtihān) examination
ਇਮਲੀ (imlī) f. tamarind
ਇਲਮ (ilam) f. knowledge
ਇਲਾਜ (ilāj) treatment
ਇਸ਼ਾਰਾ (ishārā) hint
ਇੱਜ਼ਤ (izzat) honour.
ਈਸਵੀ (īsvī) the Christian era
ਈਸਾਈ (īsāī) Christian
ਈਮਾਨ (īmān) faith
ਈਮਾਨਦਾਰ (īmāndār) honest
ਉਸਤਾਦ (ustād) teacher
ਉਕਸਾਣਾ (uksānā) to incite
ਉਗਣਾ (ugnā) to grow
ਉਗਲਣਾ (ugalnā) to vomit
ਉਜਾਲਾ (ujālā) light
ਉਠਣਾ (uṭhnā) to get up
ਉਤਰਨਾ (utarnā) to get down
ਉਦਾਸ (udās) sad, sorrowful
ਉਦਯੋਗ (udyog) effort, industry
ਊਨ (ūn) wool
ਊਪਲਾ (ūplā) dried cow-dung.
ਉਮੰਗ (ūmang) enthusiasm
ਉਮੀਦ (ūmīd) f. expectation
ਉਮੀਦਵਾਰ (ūmidvār) candidate
ਉਮਰ (ūmar) f. age
ਉਲਟੀ (ūlṭi) f. vomiting
ਊਧਮ (ūdham) disturbance
ਊਂਠ (ūnth) camel
ਐਲਾਨ (ailān) declaration
ਐਤਵਾਰ (aitvār) Sunday
ਐਨਕ (ainak) f. spectacles
ਓੜ੍ਹਨਾ (oṛhnā) to put on
ਔਸਤ (ausat) average
ਔਰਤ (aurat) f. woman
ਔਲਾਦ (aulād) f child
ਔਜ਼ਾਰ (auzār) tool

ਸਹਾਰਾ (sahārā) support, help
ਸਹੀ (sahī) correct, right
ਸਹੁਰਾ (sahurā) father-in-law
ਸਕੂਲ (skūl) school
ਸਖਤ (sakhat) hard, strong
ਸੱਚ (sacch) truth
ਸਟੇਸ਼ਨ (sṭeshan) station
ਸਤਾਣਾ (satānā) to trouble, to tease
ਸਦਾ (sadā) always
ਸੱਨਾਟਾ (sannātā) loneliness
ਸੱਪ (sapp) snake
ਸਫਾਈ (safāī) f. cleanliness
ਸਮਝਣਾ (samajhnā) to understand
ਸਰੋਂ (sarsoñ) f. mustard
ਸਰਦੀ (sardī) f. cold
ਸਲਾਹ (salāh) f. advice
ਸਵਾਰ (savār) f. a rider
ਸਵੇਰ (saver) f. morning
ਸਜ਼ਾ (sazā) punishment
ਸੰਤਰਾ (santarā) orange
ਸੰਦੂਕ (sandūk) chest, box
ਸਾਦਗੀ (sādgī) f. simplicity
ਸਾਬਣ (sāban) soap
ਸਿਖਣਾ (sikhnā) to learn
ਸਿਰ (sir) head, summit
ਸਿਰਤਾਜ (sirtāj) crown
ਸੁੱਕਾ (sukkā) dry
ਸੁਨਸਾਨ (sunsān) lonely, barren
ਸੁਨਿਆਰਾ (suniārā) goldsmith
ਸੁਲਝਾਣਾ (suljhānā) to solve
ਸੂਰਜ (sūraj) the sun
ਸੂਰਤ (sūrat) f. form, appearance
ਸੈਰ (sair) f. walk
ਸੋਨਾ (Sonā) gold
ਸਰੋਵਰ (sarovar) lake
ਹਕ (hak) right
ਹੱਡੀ (haḍḍi) f, bone
ਹਦ (had) f. limit
ਹਮਦਰਦੀ (hamdardi) f. sympathy
ਹਰ (har) every, each
ਹਰਾ (harā) green, unripe
ਹਰਜ (haraj) harm.

ਹਲ (hal) plough
ਹਲਵਾਈ (halwāī) confectioner
ਹਵਾ (hawā) f. air
ਹੰਝੂ (hanjhu) tears
ਹਾਥੀ (hāthi) elephant
ਹਾਰਦਕ (hārdak) cordial
ਹਾਲ (hāl) condition
ਹਾਂਡੀ (hāndī) f. earthen pot
ਹਿੱਮਤ (himmat) f. courage
ਹਿੱਸਾ (hissā) share, part
ਹੁਕਮ (hukam) order
ਹੁਸ਼ਿਆਰ (hushiār) smart, clever
ਹੈਜ਼ਾ (haizā) cholera
ਹੈਰਾਨ (hairān) surprised, worried
ਹੋਨਹਾਰ (honhār) promising, shining
ਹੋਸ਼ (hosh) sense
ਹੌਜ਼ (hauz) water tank
ਕਸਮ (kasam) oath
ਕਸਾਈ (kasaī) butcher
ਕਸੂਰ (kasūr) fault
ਕਹਾਣੀ (kahānī) story
ਕਹਾਵਤ (kahāwat) f. proverb
ਕੱਚਾ (kachchā) unripe
ਕਛੂਆ (kachhūā) tortoise
ਕਟਾਰ (kaṭār) f. dagger
ਕਟੋਰਾ (kaṭorā) bowl
ਕਣਕ (kanak) f. wheat
ਕਤਾਈ (katāī) spinning
ਕਦਮ (kadam) step
ਕਦਰ (kadar) respect, value
ਕਦੂ (kadū) gourd
ਕਪੜਾ (kapṛā) cloth
ਕਬਰ (kabar) f. grave
ਕਮਜ਼ੋਰ (kamzor) weak
ਕਮਰਾ (kamrā) room
ਕਮੀਨਾ (kamīnā) mean
ਕਰਨਾ (karnā) to do
ਕਰਜ਼ (karaz) loan
ਕਲਾਈ (kalāī) f. wrist
ਕਲੇਜਾ (kalējā) heart
ਕੰਜੂਸ (kanjus) miser
ਕਾਬੂ (kābu) control
ਕਾਮਯਾਬ (kāmyāb) successful
ਕਾਇਰ (kāir) coward

ਕਿਸਮ (kisam) f. kind, sort
ਕਿਸਮਤ (kismat) f. fate
ਕਿਸਾਨ (kisān) farmer
ਕਿਤਾਬ (kitāb) f. book
ਕੀਮਤ (kīmat) f. price
ਕੀੜਾ (kīṛā) worm
ਕੁਦਣਾ (kudnā) to jump
ਕੁਦਰਤ (kudrat) f. nature
ਕੁਰਬਾਨ (kurbān) sacrifice
ਕੁਰਸੀ (kursī) chair
ਕੁਲ (kul) total, parantage
ਕੁੰਜੀ (kunjī) f. key
ਕੂੜਾ (kūṛā) garbage, sweeping
ਕੇਵਲ (kewal) only
ਕੇਲਾ (kelā) banana
ਕੈਦ (kaid) f. imprisonment
ਕੈਦਖਾਨਾ (kaidkhānā) jail
ਕੋੜ੍ਹ (koṛh) leprosy
ਕੋਸ਼ਿਸ਼ (kōshish) f. endeavour
ਕੌਮ (kaum) f. nation
ਕੌੜਾ (kaurā) sour
ਖਸਮ (khasam) husband

ਖਜ਼ਾਨਾ (khajānā) treasury
ਖਟਮਲ (khaṭmal) bug
ਖਤ (khat) letter, post card
ਖਤਮ (khatam) end, finished
ਖਤਰਨਾਕ (khatarnāk) dangerous
ਖਤਰਾ (khatrā) danger
ਖਬਰ (khabar) f. news
ਖਬਰਦਾਰ (khabardār) careful
ਖੰਡ (khanḍ) sugar
ਖਰੀਦਣਾ (kharidnā) to buy
ਖਾਸ (khās) particular
ਖਾਣਾ (khāṇā) to eat, meals
ਖਿਚਣਾ (khichnā) to pull
ਖਿਲਣਾ (khilnā) to blossom
ਖੇਡਣਾ (khednā) to play
ਖੇਤੀ (khetī) f. agriculture, cultivation
ਖੋਜ (khoj) f. search
ਖੋਟਾ (khoṭā) counterfeit
ਗੱਤਾ (gattā) straw board

ਗਨਾ (ganā) suger cane
ਗਰਦਨ (gardan) f. neck
ਗਰਮੀ (garmī) f. heat
ਗਲ (gal) f. talk
ਗਲਤੀ (galtī) f. mistake
ਗਲ੍ਹ (galh) f. cheek
ਗਲਾ (galā) throat
ਗਵਾਹ (gawāh) witness
ਗੜ੍ਹ (gaṛh) fort
ਗ੍ਰੰਥ (granth) holy book
ਗੰਦਗੀ (gandgī) f. dirt
ਗੰਦਾ (gandā) dirty
ਗੁਸਾ (gussā) anger
ਗੁਪਤ (gupat) hidden
ਗੁਲਦਸਤਾ (guldastā) bouquet
ਗੁਲਾਬ (gulāb) rose
ਗੁਜ਼ਾਰਾ (guzārā) sustenance
ਗੁਰਦਵਾਰਾ (gurdwārā) Sikh temple
ਗੁੰਗਾ (guṅgā) dumb
ਗੇਂਦ (gēnd) ball
ਗੋਦ (gōd) f lap.
ਗੋਲੀ (gōlī) f. bullet, pill
ਘਬਰਾਣਾ (ghabrānā) to be perplexed

ਘਰੇਲੂ (ghaıēlū) domestic
ਘਾਇਲ (ghāil) wounded.
ਘਾਟਾ (ghāṭā) loss
ਘੁਮੰਡ (ghumaṇḍ) pride
ਘੁਲਣਾ (ghūlnā) to dissolve
ਚੱਕਾ (chakkā) wheel
ਚਰਾਗਾਹ (charāgāh) meadow
ਚਲਣਾ (chalnā to) walk
ਚਸ਼ਮਾ (chashmā) spring of water
ਚੰਗਾ (changā) good, sound
ਚੰਪਤ ਹੋਣਾ (champat) hona to disappear
ਚਾਹ (chāh) f. tea
ਚਾਵਲ (chāwal) rice
ਚਿੱਟਾ (chiṭṭā) white
ਚੁਗਲੀ (chuglī) f. back-biting
ਚੁਪ (chupp) silent
ਚੁੰਝ (chunjh) f. bill, beak
ਚੂਹਾ (chūhā) rat
ਚੇਚਕ (chēchak) f. small pox
ਚੈਨ (chain) rest, tranquillity
ਚੋਟ (chōt) f. stroke

ਛੱਪੜ (chhappaṛ) pond
ਛਾਤੀ (chhātī) f. breast
ਛਾਣਬੀਨ (chhāṇbīn) f. scrutiny
ਜਨਮ (janam) birth
ਜਵਾਨ (jawān) youth, young
ਜਾਇਜ਼ (jāiz) proper
ਜਵਾਬ (jawāb) answer
ਜਾਇਦਾਦ (jāidād) property
ਜਾਸੂਸ (jāsūs) spy
ਜਿਸਮ (jism) body
ਜੁਗਨੂ (jugnū) fire fly
ਜੁਲਾਹਾ (julāhā) weaver
ਜੇਬ (jēb) pocket
ਜੋਸ਼ (jōsh) zeal, emotion
ਟੁਟਣਾ (ṭūṭnā) to break
ਟੇਢਾ (ṭeḍhā) bent
ਟੋਪੀ (ṭōpī) f. cap
ਟੋਲੀ (ṭōlī) f. band
ਠੋਕਰ (ṭhōkar) f. kick
ਡੱਬਾ (ḍabbā) box
ਡਰਪੋਕ (ḍarpōk) timid
ਡਾਕੂ (ḍākū) dacoit
ਡੋਰ (ḍōr) f. cord
ਢੰਗ (ḍhang) method
ਢਾਂਚਾ (ḍhāñchā) frame
ਢਾਰਸ (ḍhāras) f. solace
ਤਕਲੀਫ਼ (taklīf) f. difficulty
ਤਬੀਅਤ (tabīat) f. disposition
ਤਰਕੀਬ (tarkīb) f. contrivance
ਤਰ੍ਹਾਂ (tarhāñ) f. like-wise
ਤਰੀਕਾ (tarīkā) method
ਤਲਬ (talab) f. salary
ਤੁਰੰਤ (turant) instantly
ਤੇਜ਼ (tez) swift, sharp
ਤੋਲਣਾ (tolṇa) to weigh
ਦਗਾਬਾਜ਼ (dagābāz) cheat
ਦਰਜਾ (darjā) class
ਦਰਦ (dard) pain
ਦਾਖ਼ਲ (dākhal) entered
ਦਾਣਾ (dāṇā) grain
ਦਿਲਚਸਪ (dilchasp) interesting
ਦੀਵਾਨਾ (dīwānā) mad
ਦੁਸ਼ਮਣ (dushmaṇ) enemy
ਦੁਹਰਾਣਾ (duhrāṇā) to repeat
ਦੇਖਰੇਖ (dēkhrēkh) supervision

ਧੁਪ (dhup) f. sunshine
ਧੋਬੀ (dhobī) washerman
ਨਟਖਟ (naṭkhaṭ) naughty
ਨਤੀਜਾ (natījā) result
ਨਸ਼ਾ (nashā) intoxication
ਨਾਈ (nāī) barber
ਨਾਪ (nāp) measurement
ਨਾਰੰਗੀ (nāraṅgī) f. orange
ਨਿਛਾਵਰ (nichhāvar) sacrifice
ਨਿਸ਼ਾਨ (nishān) sign, flag
ਨੁਕਸਾਨ (nuksān) loss
ਨੇਕ (nēk) gentle, good
ਨੌਜਵਾਨ (naujawān) young
ਪਕੜਨਾ (pakaṛnā) to catch
ਪਰਦੇਸੀ (pardesī) foreigner
ਪਰੇਸ਼ਾਨ (pares'ān) troubled
ਪਵਿੱਤਰ (pavittar) holy, pure
ਪਾਲਤੂ (pāltū) domestic
ਪਿੰਜਰਾ (pinjrā) cage
ਪਿਘਲਣਾ (pighalnā) to melt
ਪੀਲਾ (pīlā) yellow
ਪੁਸਤਕ (pustak) f. book
ਪੈਦਲ (paidal) on foot

ਪੈਰ (pair) foot
ਪ੍ਰਾਂਤ (prānt) province
ਫਟ (phaṭ) wound, torn
ਫੱਲ (phal) fruit
ਫਾੜਨਾ (phārnā) to tear
ਫਿੱਕਾ (phikkā) tasteless
ਫਿਰਨਾ (phirnā) to revolve
ਫੁਲ (phul) flower
ਫੋਕਾ (phōkā) hollow
ਫੋੜਾ (phōrā) boil
ਬਚਣਾ (bachnā) to be saved
ਬਚਨ (bachan) word, saying
ਬੱਚਾ (bachchā) child
ਬਦਲ (badal) exchange
ਬੱਦਲ (baddal) cloud
ਬੱਦਲਾ (baddlā) revenge
ਬਰਫ (barf) f. ice
ਬਾਕੀ (bākī) remaining
ਬਾਲ (bāl) baby
ਬਾਗ (bāg) garden
ਬਾਂਸ (bāns) bamboo
ਬਿਸਤਰਾ (bistarā) bedding
ਬਿੱਨਾ (binnā) without
ਬਿੱਲੀ (billī) f. cat
ਬੀਤਣਾ (bītnā) to pass

ਬੀਮਾਰ (bīmār) patient
ਬੁਖਾਰ (bukhār) fever
ਬੁਝਣਾ (bujhṇā) to understand
ਬੁਰਾ (burā) bad
ਬੂ (bū) f smell
ਬੇਸੁਧ (bēsudh) unconscious
ਬੇਦਰਦ (bēdard) cruel
ਬੇਨਤੀ (bēntī) request
ਬੇਵਕੂਫ (bewakūf) foolish
ਬੇਸ਼ਰਮ (bēsharm) shameless
ਬੈਠਣਾ (baiṭhnā) to sit
ਬੋਤਲ (bōtal) bottle.
ਬੋਲ ਚਾਲ (bōlchāl) talk
ਬੋਲਣਾ (bōlnā) to talk
ਭਲਾ (bhalā) well, good
ਭੰਗੀ (bhaṅgī) scavenger
ਭਾਜੀ (bhājī) vegetable
ਭਾਫ (bhāf) f. steam vapour
ਭਿਜਣਾ (bhijnā) to get wet
ਭੀਤਰ (bhītar) inside
ਭੁਖ (bhūkh) f. hunger
ਭੁਲ (bhūl) mistake
ਭੂਤ (bhūt) spirit, demon
ਭੇਂਟ (bhēṅṭ) f. meeting, gift
ਭੋਲਾ (bhōlā) simple
ਮਸਤ (mast) intoxicated
ਮਸਾਲਾ (masālā) spice
ਮਸ਼ਹੂਰ (mashhūr) famous
ਮਹੀਨ (mahīn) thin, fine
ਮੰਗਣਾ (maṅgnā) to ask demand
ਮਾਪ (māp) measurement
ਮਾਲ (māl) goods
ਮਾਲਕ (mālak) owner
ਮਿੱਟੀ (miṭṭī) f. earth
ਮਿਲਣਾ (milnā) to meet, to get
ਮੀਲ (mīl) mile
ਮੁਸਾਫਿਰ (musāfir) traveller
ਮੁਸੀਬਤ (musībat) adversity
ਮੁਕਦਮਾ (mukadma) a lawsuit
ਮੁਟਿਆਰ (muṭiar) f. maiden
ਮੁਲਕ (mulk) country
ਮੁਫਤ (muft) without price
ਮੂੰਗਫਲੀ (mungphalī) f. groundnut
ਮੂਰਖ (mūrakh) a fool
ਮੂੰਹ (mūñh) face
ਮਿਹਨਤ (mehnat) f. labour

ਮੇਵਾ (mevā) dry fruit
ਮੇਜ਼ (mēz) f. table
ਮੈਲ (mail) dirt
ਮੋਚੀ (mōchī) cobbler
ਮੋਰ (mōr) peacock
ਮੌਤ (maut) f. death
ਮੌਸਮ (mausam) weather
ਯ਼ਕੀਨ (yaqīn) faith, confidence
ਯਾਦ (yād) f. recollection
ਯੁਧ (yudh) war
ਰੱਸ (rass) juice
ਰਖਵਾਲੀ (rakhwālī) f. care, protection
ਰਲਨਾ (ralnā) to join
ਰਵਾਜ (rawāj) custom
ਰਾਜਾ (rājā) king
ਰਾਣੀ (rānī) f. queen
ਰਾਤ (rāt) f. night
ਰਿਸ਼ਤਾ (rishtā) relationship
ਰਿਸ਼ਵਤ (rishwat) f. bribe
ਰੀਤ (rīt) custom
ਰੂਪ (rūp) beauty
ਰੇਤ (rēt) sand
ਰੋਕਣਾ (rōkṇā) f. to stop, to shut
ਰੋਟੀ (rōtī) f. loaf
ਰੋਣਾ (rōnā) to cry
ਰੋਸ਼ਨੀ (rōshnī) f. light
ਰੌਣਕ (raunk) splendour
ਲਗਭਗ (lagbhag) almost
ਲੰਗੜਾ (langrā) lame
ਲਾਠੀ (lāthī) stick
ਲਾਲ (lāl) red
ਲਾਲਚ (lālach) greediness
ਲਿਖਣਾ (likhna) to write
ਲੁਕਣਾ (luknā) to hide
ਲੁਟਣਾ (lutnā) to rob
ਲੁਟੇਰਾ (luterā) robber
ਲੇਖ (lēkh) article
ਲੇਟਣਾ (leṭnā) to lie down
ਲੋਹਾਰ (lohār) blacksmith
ਲੋਕ (lōk) people
ਵਕੀਲ (vakīl) pleader
ਵਿਸਰਾਮ (wisrām) rest
ਵਿਕਾਸ (wikās) development
ਸ਼ਕ (shak) doubt
ਸ਼ਕਲ (shakal) face
ਸ਼ਰਮ (sharam) shyness

ਸ਼ਰਾਬ (sharāb) f. wine
ਸ਼ਾਹ (shāh) money lender
ਸ਼ਾਨ (shān) f. splendour
ਸ਼ੀਸ਼ਾ (shīshā) mirror
ਸ਼ੁਰੂ (shurū) start
ਸ਼ੇਰ (shēr) lion
ਸ਼ੋਰ (shōr) noise

ਖ਼ਰਗੋਸ਼ (khargōsh) hare
ਖ਼ੁਸ਼ਬੂ (khushbū) scent
ਜ਼ੁਕਾਮ (zukām) cold
ਜ਼ਰਾ (zarā) slight, particle
ਜ਼ਿੰਦਗੀ (zindgī) f. life
ਫ਼ਰਸ਼ (farsh) floor
ਫ਼ਰਕ (fark) difference

ਫ਼ੌਜ (fauj) army

—x—

OTHER LANGUAGE BOOKS OF OUR PUBLICATION

1	Learn Bengali yourself	(English Medium)
2.	Learn Hindi Yourself	(„ „)
3.	Assamese Self-Taught	(„ „)
4.	Nepali Self-Taught	(„ „)
5,	Oriya Self-Taught	(„ „)
6.	Marathi Self-Taught	(„ „)
7.	Urdu Self-Taught	(„ „)
8.	Gujarati Self-Taught	(„ „)
9.	A Trilingual Dictionery (Hindi. Bengali, English)	
10.	Hindi Self-Taught	(Bengali Medium)
11.	„ „	(Assamese „)
12.	Bengali „	(Hindi „)
13.	„ „	(Marathi „)
14.	„ „	(Gujarati „)
15.	„ „	(Nepali „)
16.	Assamese „	(Hindi „)
17.	Kannada „	(English „)
18,	Malayalam „	(„ „)

Etc. Etc.